30-6-96

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

**ਦਹਿਸ਼ਤਗਰਦੀ-ਮੁੜ ਮੁੜ ਆਉਣ ਵਾਲਾ ਡਰਾਉਣਾ ਸੁਪਨਾ :** 1982 ਤੋਂ 1992 ਦੇ ਦਸ ਸਾਲ ਪੰਜਾਬ ਦੇ ਉਹ ਸਾਲ ਹਨ ਜੋ ਪੰਜਾਬ ਦੇ ਲੋਕਾਂ ਲਈ ਇਕ ਡਰਾਉਣੇ ਸੁਪਨੇ ਵਾਂਗ ਹਨ। 40,000 ਮਾਵਾਂ ਦੇ ਪੁੱਤਾਂ ਦਾ ਮਾਰਿਆ ਜਾਣਾ ਕੋਈ ਮਾਮੂਲੀ ਗੱਲ ਨਹੀਂ। ਕੋਈ ਵੀ ਲਿਖਤ ਜਿਹੜੀ ਇਨ੍ਹਾਂ ਸਾਲਾਂ ਨੂੰ ਆਪਣੇ ਵਿਚ ਸਮੇਟਦੀ ਹੈ, ਉਹ ਸਾਨੂੰ ਝੰਜੋੜਦੀ ਹੈ। ਇਸ ਵਿਸ਼ੇ 'ਤੇ ਅੰਗਰੇਜ਼ੀ ਦੀ ਕਿਤਾਬ 'TERRORISM, PAJAB'S RECURRIG IGHTMARE' ਖਾਸ ਮਹੱਤਤਾ ਰੱਖਦੀ ਹੈ। ਇਹ ਚੰਡੀਗੜ੍ਹ ਵਿਚ ਰਹਿੰਦੇ ਇਕ ਪੱਤਰਕਾਰ ਗੁਰਪ੍ਰੀਤ ਸਿੰਘ ਦੀ ਮਿਹਨਤ ਦੀ ਦੇਣ ਹੈ। ਇਹ ਸਹਿਗਲ ਬੁੱਕ ਡਿਸਟਰੀਬਿਊਟਰਜ਼, 6-ਐਨ, ਬਲਾਕ ਮਾਰਕੀਟ, ਗਰੇਟਰ ਕੈਲਾਸ਼-1, ਨਵੀਂ ਦਿੱਲੀ ਵਲੋਂ ਪ੍ਰਕਾਸ਼ਤ ਕੀਤੀ ਗਈ ਹੈ (150 ਰੁ. ਇਹ ਦੀ ਕੀਮਤ ਹੈ)। ਕਿਤਾਬ ਦੇ ਪਿਛਲੇ ਸਫੇ 'ਤੇ ਲਿਖੀ ਹੋਈ ਲਿਖਤ ਇਸ ਕਿਤਾਬ ਦਾ ਮੰਤਵ ਦਸਦੀ ਹੈ: ਸਰਕਾਰ ਦਾ ਐਲਾਨ ਹੈ ਕਿ ਦਹਿਸ਼ਤਵਾਦ ਦੇ ਵਿਰੁੱਧ ਜੰਗ ਜਿੱਤ ਲਈ ਗਈ ਹੈ ਪਰ ਸੋਚਣ ਵਾਲੇ ਲੋਕਾਂ ਦੇ ਮਨਾਂ ਵਿਚ ਹਾਲੇ ਵੀ ਇਹ ਸਵਾਲ, ਜਵਾਬ ਦੀ ਮੰਗ ਕਰਦਾ ਹੈ ਕਿ ਇੰਨੀ ਵੱਡੀ ਗਿਣਤੀ ਵਿਚ ਨੌਜਵਾਨਾਂ ਨੇ ਇਸ ਲਹਿਰ ਲਈ ਕਿਉਂ ਸਿਰ-ਧੜ ਦੀ ਬਾਜ਼ੀ ਲਗਾਈ? ਇਹ ਘੜਿਆ ਘੜਾਇਆ ਜਵਾਬ ਤੁਹਾਡੀ ਤਸੱਲੀ ਨਹੀਂ ਕਰਵਾਉਂਦਾ ਕਿ ਬਾਹਰਲੀਆਂ ਤਾਕਤਾਂ ਦੀ ਚੁੱਕ 'ਤੇ ਕੁਝ ਸਿਰ ਫਿਰਿਆਂ ਨੇ ਮਾਅਰਕੇਬਾਜ਼ੀ ਕੀਤੀ। ਉਹ ਵਾਵਰੋਲੇ ਵਾਂਗ ਉਠੇ ਤੇ ਹੁਣ ਠੱਪ ਹੋ ਗਏ ਹਨ।

ਗੁਰਪ੍ਰੀਤ ਸਿੰਘ ਨੇ ਉਸ ਲਹਿਰਨਾਲ ਜੁੜੇ ਲੋਕਾਂ ਨਾਲ ਸੰਪਰਕ ਕੀਤਾ ਤੇ ਕੁਝ ਸੱਚ ਜਾਨਣ ਦੀ ਕੋਸ਼ਿਸ਼ ਕੀਤੀ। ਇਹ ਸੱਚ ਉਸ ਨੇ ਪਾਠਕਾਂ ਲਈ ਰਿਕਾਰਡ ਕੀਤਾ ਹੈ। ਇਸ ਵਿਚ ਸੰਤ ਭਿੰਡਰਾਂਵਾਲਾ ਤੋਂ ਲੈ ਕੇ ਲਹਿਰ ਦੇ ਸਾਧਾਰਨ ਵਰਕਰ ਸ਼ਾਮਲ ਹਨ। ਉਨ੍ਹਾਂ ਵਿਚ ਉਹ ਲੋਕੀ ਹਨ ਜੋ ਖਾਲਿਸਤਾਨ ਦੇ ਨਿਸ਼ਾਨੇ ਵਾਸਤੇ ਸੁਹਿਰਦ ਸਨ ਤੇ ਬਹੁਤ ਸੋਚ ਸਮਝ ਕੇ ਲਹਿਰ ਵਿਚ ਦਾਖਲ ਹੋਏ। ਉਹ ਵੀ ਸਨ ਜੋ ਹਾਲਾਤ ਦੇ ਖਿੱਚੇ-ਖਿਚਾਏ ਲਹਿਰ ਵਿਚ ਆ ਗਏ। ਉਹ ਵੀ ਸਨ ਜੋ ਜਾਤੀ ਕਿੜਾਂ ਕੱਢਣ ਲਈ ਆਏ, ਉਹ ਵੀ ਸਨ ਜੋ ਸਿਰਫ ਲੁੱਟਮਾਰ ਤੇ ਫਿਰੌਤੀਆਂ ਲਈ ਆਏ ਤੇ ਉਹ ਵੀ ਸਨ ਜਿਨ੍ਹਾਂ ਲਈ ਹਥਿਆਰਾਂ ਦੀ ਖੇਡ ਇਕ ਰੁਮਾਂਸ ਤੋਂ ਵੱਧ ਕੁਝ ਨਹੀਂ ਸੀ। ਲੇਖਕ ਦਾ ਦਾਅਵਾ ਹੈ ਕਿ ਉਸ ਨੇ ਸਭ ਕੁਝ ਨਿਰਪੱਖ ਹੋ ਕੇ ਰਿਕਾਰਡ ਕੀਤਾ ਹੈ, ਭਾਵੇਂ ਕਿਧਰੇ ਕਿਧਰੇ ਇਸ ਦਾਅਵੇ ਉਤੇ ਕਿੰਤੂ ਵੀ ਹੁੰਦਾ ਹੈ, ਪਰ ਸਮੁੱਚਾ ਪ੍ਰਭਾਵ ਇਕ ਚੰਗੀ ਪੱਤਰਕਾਰੀ ਦਾ ਹੈ। ਇਸ ਵਿਚ ਕੁਝ ਬਿਆਨ ਆਉਣ ਵਾਲੇ ਸਮੇਂ ਲਈ ਇਤਿਹਾਸਕ ਕੀਮਤ ਵੀ ਰਖਦੇ ਹਨ ਤੇ ਮਸਲੇ ਨੂੰ ਸਮਝਣ ਵਿਚ ਮਦਦ ਵੀ ਦੇਂਦੇ ਹਨ।

-ਕੀ ਗੁਰੂ ਹਰਗੋਬਿੰਦ ਸਾਹਿਬ ਨੇ ਮੁਗਲਾਂ ਕੋਲੋਂ ਹਥਿਆਰ ਰੱਖਣ ਦਾ ਲਾਇਸੈਂਸ ਮੰਗਿਆ ਸੀ? ਕੀ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਕੋਲੋਂ ਪੁੱਛ ਕੇ ਹਥਿਆਰ ਚੁੱਕੇ ਸਨ (ਜਰਨੈਲ ਸਿੰਘ ਭਿੰਡਰਾਂਵਾਲਾ)।

—ਭਿੰਡਰਾਂਵਾਲਾ ਬੜਾ ਹੀ ਬੁਜ਼ਦਿਲ ਇਨਸਾਨ ਹੈ (ਬੱਬਰ ਸੁਖਦੇਵ ਸਿੰਘ)।

-ਕੌਣ ਕਹਿੰਦਾ ਹੈ ਕਿ ਅਸੀਂ ਬੇਦੋਸ਼ੇ ਹਿੰਦੂਆਂ ਨੂੰ ਮਾਰਦੇ ਹਾਂ? ਕੀ ਪੁਲੀਸ ਨੇ ਮੌਕੇ 'ਤੇ ਕਿਸੇ ਨੂੰ ਫੜਿਆ ਹੈ? ਇਹ ਸਾਨੂੰ ਬਦਨਾਮ ਕਰਨ ਲਈ ਸਰਕਾਰ ਦੀਆਂ ਚਾਲਾਂ ਹਨ (ਭਾਈ ਅਮਰੀਕ ਸਿੰਘ)।

-ਇਨ੍ਹਾਂ ਨੂੰ ਹੋਰ ਕੀ ਚਾਹੀਦਾ ਹੈ? ਪੰਜਾਬ ਸਾਰਿਆਂ ਨਾਲੋਂ ਅਮੀਰ ਸੂਬਾ ਹੈ, ਐਵੇਂ ਖਾਂਦੇ ਪੀਂਦੇ ਚੀਕੀ ਜਾਂਦੇ ਨੇ। (ਨੈਸ਼ਨਲ ਪ੍ਰੈਸ)।

-ਨੀਲਾ ਤਾਰਾ ਤੋਂ ਬਾਅਦ ਸਿੱਖ ਦਿੱਲੀ ਦੀ ਕਿਸੇ ਸਰਕਾਰ 'ਤੇ ਕੀ ਇਤਬਾਰ ਕਰ ਸਕਦੇ ਹਨ? (ਗੁਰਤੇਜ ਸਿੰਘ, ਸਾਬਕਾ ਆਈ. ਏ. ਐਸ.)।

-ਇਹ ਕਿਥੋਂ ਦਾ ਦਸਤੂਰ ਹੈ ਕਿ ਸ਼ੱਕ ਦੀ ਬਿਨ੍ਹਾ 'ਤੇ ਕਿਸੇ ਨੂੰ ਮਾਰ ਦੇਵੋ ਤੇ ਉਹ ਵੀ ਝੂਠਾ ਮੁਕਾਬਲਾ ਬਣਾ ਕੇ। (ਮਾਰੇ ਗਏ ਇਕ ਖਾੜਕੂ ਬਾਪ ਦਾ ਪੁੱਤਰ)।

ਇਹ ਕਿਤਾਬ ਜੋ ਇਕ ਸਾਂਭਣਯੋਗ ਦਸਤਾਵੇਜ਼ ਹੈ, ਸਾਨੂੰ ਬਹੁਤ ਸਾਰੇ ਸੁਨੇਹੇ ਦਿੰਦੀ ਹੈ। ਆਨੰਦਪੁਰ ਸਾਹਿਬ ਵਿਚ ਬਾਬਾ ਅਜੀਤ ਸਿੰਘ, ਜੁਝਾਰ ਸਿੰਘ ਨਾਂ ਦੀ ਅਕੈਡਮੀ ਬਾਬਾ ਬਲਕਾਰ ਸਿੰਘ ਚਲਾ ਰਹੇ ਹਨ, ਜਿਥੇ ਮਾਰੇ ਗਏ ਖਾੜਕੂਆਂ ਦੇ 150 ਬੱਚਿਆਂ ਦੀ ਪਰਵਰਿਸ਼ ਹੋ ਰਹੀ ਹੈ। ਇਹ ਕਿਤਾਬ ਬਾਬਾ ਬਲਕਾਰ ਸਿੰਘ ਨੂੰ ਸਮਰਪਿਤ ਹੈ। ਡਰਾਉਣਾ ਸੁਪਨਾ ਇਸ ਧਰਤੀ 'ਤੇ ਨਾ ਦੁਹਰਾਇਆ ਜਾਏ, ਇਹ ਇਸ ਪੁਸਤਕ ਦਾ ਸੁਨੇਹਾ ਹੈ।

**ਨਾਟਕ ਦੀ ਸ਼ਕਤੀ :** ਨਾਟਕ 'ਤਮਾਸ਼ਾ ਨੱਟ ਤੇ ਨੱਟੀ ਦਾ' ਵਿਚ ਪੰਜਾਬ ਪੁਲੀਸ 'ਤੇ ਵਿਅੰਗ ਸੀ ਕਿ ਉਨ੍ਹਾਂ ਨੇ ਆਪਣੀ ਵਰਦੀ ਵਿਚ 'ਅਲੀ ਬਾਬਾ ਚਾਲੀ ਚੋਰਾਂ, ਵਾਲੀ ਕਹਾਣੀ ਵਾਲੇ ਚੋਰਾਂ ਦੇ ਪਟਕੇ ਸ਼ਾਮਲ ਕਰ ਲਏ ਹਨ। ਖਬਰ ਹੈ ਕਿ ਪੰਜਾਬ ਪੁਲੀਸ ਨੇ ਇਕ ਹੁਕਮ ਰਾਹੀਂ ਇਹ ਪਟਕੇ ਹੁਣ ਆਪਣੀ ਵਰਦੀ ਵਿਚੋਂ ਖਾਰਜ ਕਰ ਦਿੱਤੇ ਹਨ।

ਨਾਟਕ 'ਸਮਾਜ' ਵਿਚ ਉਸ ਮੰਗ ਕੀਤੀ ਗਈ ਸੀ ਕਿ ਔਰਤਾਂ ਦੀ ਆਪਣੀ ਔਲਾਦ ਉਤੇ ਬੁਨਿਆਦੀ ਹੱਕ ਨੂੰ ਸਵੀਕਾਰ ਕਰਦੇ ਬੱਚੇ ਦੇ ਨਾਂ ਨਾਲ ਜਿਥੇ ਬਾਪ ਦਾ ਨਾਂ ਲਿਖਿਆ ਜਾਂਦਾ ਹੈ, ਉਥੇ ਮਾਂ ਦਾ ਨਾਂ ਵੀ ਲਿਖਿਆ ਜਾਏ। ਪੰਜਾਬ ਸਕੂਲ ਸਿੱਖਿਆ ਬੋਰਡ ਨੇ ਇਹ ਮੰਗ ਮੰਨ ਲਈ ਹੈ।

ਨਾਟਕ 'ਭਗਤ ਸਿੰਘ' ਵਿਚ ਵੇਲੇ ਮੰਗ ਕੀਤੀ ਗਈ ਸੀ, ਜਦੋਂ ਇਕੱਲੇ ਭਗਤ ਸਿੰਘ ਦਾ ਬੁੱਤ ਲੁਧਿਆਣਾ ਪੁਲ ਵਾਲੇ ਚੌਕ 'ਤੇ ਲਾਇਆ ਗਿਆ ਸੀ ਕਿ ਜਿਥੇ ਭਗਤ ਸਿੰਘ ਦਾ ਬੁੱਤ ਲਗਾਇਆ ਹੈ, ਉਥੇ ਰਾਜਗੁਰੂ ਦੇ ਸੁਖਦੇਵ ਦੇ ਬੁੱਤ ਵੀ ਲਗਾਏ ਜਾਣ। ਇਹ ਗੱਲ ਪੂਰੀ ਹੋਈ ਸੀ। ਲੁਧਿਆਣਾ 'ਚ ਤਿੰਨੋਂ ਸੂਰਬੀਰਾਂ ਦੇ ਬੁੱਤ ਲੱਗੇ ਹਨ।

(ਨਾਟਕ ਡਾਇਰੀ ਵਿਚੋਂ)

30-6-1996